## ਪੰਜ ਪਿਆਰੇ ਸਾਹਿਬਾਨ ਜੀ ਦੀ ਸਭ ਤੋਂ ਮਹਾਨ, ਉੱਚੀ-ਸੁੱਚੀ ਅਤੇ ਪਾਵਨ ਸੇਵਾ ਵਿੱਚ ਲੱਗਣ ਵਾਲੇ ਪੰਜਾਂ ਸਿੰਘਾਂ ਦੇ ਮੁਢਲੇ ਨਿਯਮ:

01) ਅੰਮ੍ਰਿਤ ਸੰਚਾਰ ਦੀ ਸੇਵਾ ਨੂੰ ਆਪਣੇ ਆਪ ਨਾਲ ਜੰਗ ਕਰਕੇ ਜਾਨਣਾ।

02) ਅੰਮ੍ਰਿਤ ਸੰਚਾਰ ਦੀ ਹਰ ਸੇਵਾ ਜਿਵੇਂ ਬਾਟੇ ਸਾਫ ਕਰਨੇ, ਆਸਣ ਲਗਾਉਣੇ, ਦੇਗਾਂ ਸਜਾਉਣੀਆਂ, ਦੇਗਾਂ ਵਰਤਾਉਣੀਆਂ, ਪੰਜਾਂ ਦੀ ਸੇਵਾ, ਤਾਬਿਆ ਦੀ ਸੇਵਾ, ਪਹਿਰੇ ਦੀ ਸੇਵਾ, ਸਾਰੀਆਂ ਇੱਕੋ ਬਰਾਬਰ ਨੇ, ਕੋਈ ਸੇਵਾ ਛੋਟੀ ਨਹੀਂ, ਕੋਈ ਵੱਡੀ ਨਹੀਂ। ਅੰਮ੍ਰਿਤ ਸੰਚਾਰ ਸੇਵਾ ਵਿੱਚ ਜਿਹੜਾ ਵੀ ਸਿੰਘ ਇੱਕ ਵਾਰ ਹਾਜ਼ਰ ਹੋ ਗਿਆ, ਓਹਦੀ ਅੰਮ੍ਰਿਤ ਸੰਚਾਰ ਸੇਵਾ ਵਿੱਚ ਹੀ ਲੱਗਣੀ ਹੈ, ਸੇਵਾ ਉਹ ਜਿੱਥੇ ਮਰਜ਼ੀ, ਜਿਹੜੀ ਮਰਜ਼ੀ ਨਿਭਾਵੇ। ਹਰ ਸਿੰਘ ਹਰ ਸੇਵਾ ਨਿਭਾਉਣ ਦੇ ਯੋਗ ਹੋਣਾ ਚਾਹੀਦਾ ਹੈ।

03) ਸਿੰਘ ਸੇਵਾ ਵਾਲੇ ਬਾਟਿਆਂ ਦਾ ਵੀ ਸਤਿਕਾਰ ਪੂਰਾ ਰੱਖੇ, ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਲੱਗਣ ਵਾਲੇ ਛੋਟੇ ਵੱਡੇ ਸਾਰੇ ਬਾਟਿਆਂ ਦੀ ਸੁੱਚਮਤਾ ਬਰਕਰਾਰ ਰੱਖੀ ਜਾਵੇ। ਅੰਮ੍ਰਿਤ ਸੰਚਾਰ ਵਾਲੇ ਬਾਟਿਆਂ ਵਿੱਚ ਕੋਈ ਵੀ ਸਿੰਘ ਆਮ ਗਿਲਾਸਾਂ ਵਾਂਗ ਜਲ ਨਹੀਂ ਛਕ ਸਕਦਾ ਅਤੇ ਨਾ ਹੀ ਕਿਸੇ ਬਾਟੇ ਵਿੱਚ ਹੱਥ ਧੋਤੇ ਜਾਣ, ਤਾਬਿਆ ਵਾਲੇ ਸਿੰਘ ਜੀ ਧਿਆਨ ਰੱਖਣ ਕਿ ਬਾਟੇ ਵਿੱਚੋਂ ਦੇਗ ਛਕ ਕੇ, ਬਾਟਾ ਪਰੇ ਰੋੜਣਾ ਨਹੀਂ, ਸਤਿਕਾਰ ਨਾਲ ਚੁੱਕ ਇੱਕ ਥਾਂ ਤੋਂ ਦੂਜੀ ਥਾਂ ਰੱਖਣਾ ਹੈ।

04) ਸੇਵਾ ’ਤੇ ਜਾਣ ਤੋਂ ਪਹਿਲਾਂ ਬਾਕੀ ਬਸਤਰਾਂ ਦੇ ਨਾਲ ਨਾਲ ਸਿੰਘ ਆਪਣੇ ਗਾਤਰੇ ਵੀ ਸਾਫ-ਸੁਥਰੇ ਹੋਣ। ਗਾਤਰੇ ਵੀ ਸਿੰਘਾਂ ਪਾਸ ਦੋ-ਦੋ, ਚਾਰ-ਚਾਰ ਕੋਲ ਹੋਣੇ ਜ਼ਰੂਰੀ ਨੇ। ਕ੍ਰਿਪਾਨ ਅਤੇ ਕੜੇ ਦੀ ਸਫਾਈ ਹੋਣੀ ਜ਼ਰੂਰੀ ਹੈ।

05) ਨਿਮਰਤਾ ਐਨੀ ਕੁ ਹੋਵੇ ਕਿ ਪੰਜਾਂ ਸਿੰਘਾਂ ਕਿਸੇ ਸੇਵਾ ਲਈ ਹੁਕਮ ਲਗਾਉਣ, ਤਾਂ ਸਤਿ ਬਚਨ ਕਹਿਣ ਦਾ ਜਿਗਰਾ ਰੱਖਦਾ ਹੋਵੇ। ਚੁਗਲੀ ਕਰਨੀ ਤਾਂ ਦੂਰ, ਚੁਗਲੀ ਦਾ ਫੁਰਨਾ ਵੀ ਨੇੜੇ ਨੇ ਆਵੇ। ਜਿੱਥੇ ਵੀ ਸੇਵਾ ਲੱਗੇ, ਸਤਿ ਬਚਨ ਕਹਿਣਾ। ਇਹ ਨਹੀਂ ਕਹਿਣਾ ਕਿ, ਇਹ ਸੇਵਾ ਤੂੰ ਕਰ ਲੈ ਜਾਂ ਉਹਨੂੰ ਦੇ ਦੇ ਦਿਓ।

06) ਗੁਰੂ ਕੇ ਸਿੰਘਾਂ ਦੀ ਚੁਗਲੀ, ਸਿੱਧੀ ਗੁਰੂ ਗੋਬਿੰਦ ਸਿੰਘ ਜੀ ਦੀ ਚੁਗਲੀ ਹੈ। ਸੇਵਾ ਭਾਵਨਾ ਵਾਲੇ ਗੁਰੂ ਕੇ ਸਿੰਘਾਂ ਦੀ ਨਿੰਦਿਆ, ਸਿੱਧੀ ਗੁਰੂ ਗੋਬਿੰਦ ਸਿੰਘ ਜੀ ਦੀ ਨਿੰਦਿਆ ਹੈ। ਗੁਰੂ ਕੇ ਸੇਵਕ ਕੋਲ, ਲੰਬੇ ਸਮੇਂ ਤੱਕ ਸੇਵਾ ਨਿਭਾਉਣ ਲਈ ਨਿੰਦਿਆ ਚੁਗਲੀ ਦੋਵੇਂ ਨਾ ਹੋਣ।

07) ਇੱਕ ਦਿਨ ਵਿੱਚ, ਦੋ ਵਾਰ ਬੀਰ ਆਸਣ ਲਾਉਣ ਦਾ ਅਭਿਆਸ ਹੋਵੇ ਹੀ ਹੋਵੇ। ਤਾਂ ਕਿ ਜੇ ਕਦੇ ਦੂਹਰਾ ਅੰਮ੍ਰਿਤ ਸੰਚਾਰ ਸਵੇਰ ਸ਼ਾਮ ਹੁੰਦਾ ਹੈ ਤਾਂ ਸਿੰਘ ਬੀਰ ਆਸਣ ਲਗਾ ਕੇ ਸੇਵਾ ਨਿਭਾ ਸਕੇ। ਜੇ ਕੋਈ ਸਿੰਘ ਬੀਰ ਆਸਣ ਨਹੀਂ ਲਗਾ ਸਕਦਾ ਤਾਂ ਉਹ ਪੰਜਾਂ ਦੀ ਸੇਵਾ ਤੋਂ ਪਹਿਲਾਂ ਹੀ ਮੁਆਫੀ ਮੰਗ ਸਕਦਾ ਹੈ, ਪਰ ਬਾਟੇ ਕੋਲ ਲੱਤ ਸਿੱਧੀ ਕਰਕੇ ਬੈਠਕੇ, ਚੌਂਕੜਾ ਮਾਰਕੇ ਸੇਵਾ ਦੀ ਬੇਅਦਬੀ ਨਾ ਕਰੇ।

08) ਮਰਿਯਾਦਾ ਦੱਸਣ ਲਈ ਰੋਜ਼ਾਨਾ ਘੰਟਾ ਅੱਧਾ ਘੰਟਾ ਖੜ੍ਹਣ ਦਾ, ਤਾਬਿਆ ਦੀ ਸੇਵਾ ਲਈ ਦੋ ਘੰਟੇ ਚੌਂਕੜੇ ਵਿੱਚ ਬੈਠਣ ਦਾ ਅਤੇ ਪਹਿਰੇ ਦੀ ਸਿੰਘ ਲਈ ਘੱਟੋ ਘੱਟ 2/3 ਖੜ੍ਹਣ ਦਾ ਰੋਜ਼ਾਨਾ ਅਭਿਆਸ ਹੋਣਾ ਲਾਜ਼ਮੀ ਹੈ।

09) ਘੱਟੋ ਘੱਟ ਇੱਕ ਦਿਨ ਦੀ ਭੁੱਖ ਅਤੇ ਇੱਕ ਰਾਤ ਦਾ ਉਨੀਂਦਾ ਕੱਟ ਸਕਦਾ ਹੋਵੇ। ਭੁੱਖੇ ਸਹਿ ਕੇ, ਚੁੱਪ ਰਹਿਕੇ ਸੇਵਾ ਨੂੰ ਕਲਗੀਧਰ ਸਾਹਿਬ ਜੀ ਦੀ ਸੇਵਾ ਜਾਣਕੇ ਸੇਵਾ ਕਰਨ ਦਾ ਜ਼ਜ਼ਬਾ ਰੱਖਦਾ ਹੋਵੇ। ਨੀਂਦ ਕੰਟਰੋਲ ਵਿੱਚ ਰੱਖੇ।

10) ਇਹ ਨਾ ਸੋਚੋ ਕਿ ਭੁੱਖੇ-ਉਨੀਂਦੇ ਰਹਿਕੇ ਸੇਵਾ ਕਿੰਝ ਹੋਏਗੀ। ਸਿੰਘਾਂ ਨੇ ਜੰਗਾਂ ਭੁੱਖੇ ਪਿਆਸੇ, ਉਨੀਂਦੇ ਰਹਿਕੇ ਹੀ ਲੜੀਆਂ ਨੇ। ਚਮਕੌਰ ਦੀ ਗੜ੍ਹੀ ਇਸਦਾ ਪ੍ਰਤੱਖ ਸਬੂਤ ਹੈ। ਆਪਣੇ ਆਪ ਨੂੰ ਇਸ ਕਾਬਿਲ ਬਣਾਈਏ ਕਿ ਸੇਵਾ ਤੋਂ ਪਹਿਲਾਂ ਕੁੱਝ ਵੀ ਨਹੀਂ ਛਕਣਾ, ਨਾ ਅੰਨ ਨ ਜਲ। ਰਾਤ ਦੇ ਪ੍ਰਸ਼ਾਦੇ 'ਤੇ ਸਖਤ ਕੰਟਰੋਲ ਹੋਵੇ। ਕਦੇ ਭੁੱਲਕੇ ਵੀ ਆਪਣਾ ਪੇਟ ਨਹੀਂ ਵਧਣ ਦੇਣਾ।

11) ਉਬਾਸੀ ਵੇਲੇ ਮੂੰਹ ਪਾਸੇ ਕਰਕੇ ਉਬਾਸੀ ਲਈ ਜਾਵੇ, ਹਜ਼ੂਰੀਆ ਵਰਤਿਆ ਜਾਵੇ, ਛਿੱਕ ਵੇਲੇ ਅਚਾਨਕ ਹੱਥ ਮੂੰਹ ਅੱਗੇ ਆ ਜਾਣ ਤਾਂ ਤੁਰੰਤ ਧੋਤੇ ਜਾਣ।

12) ਭੋਜਨ ਜੇ ਸੇਵਾ ਤੋਂ ਬਾਅਦ ਹੀ ਛਕਿਆ ਜਾਵੇ ਤਾਂ ਬਹੁਤ ਵਧੀਆ। ਪਰ ਹਾਂ ਜੇ ਕੋਈ ਦਵਾਈ ਲੈਣੀ ਪਵੇ ਤਾਂ ਲੋੜ ਅਤੇ ਜਰੂਰਤ ਅਨੁਸਾਰ ਐਨਾ ਕੁ ਛਕ ਲੈਣਾ ਕਿ ਬੀਰ ਆਸਣ ਵਿੱਚ ਅਤੇ ਚੂਲੇ ਵਰਤਾਉਂਦੇ ਸਮੇਂ ਝੁਕਣ ਵਿੱਚ ਮੁਸ਼ਕਿਲ ਨਾ ਆਵੇ। ਤਲਿਆ ਹੋਇਆ ਖਾਣਾ, ਚਾਹ, ਕੋਲਡ ਡਰਿੰਕਸ, ਪੈਕਿੰਗ ਵਾਲੇ ਜੂਸ, ਰੇਹੜੀਆਂ ਦੇ ਖਾਣੇ ਦੇ ਕੋਲ ਨ ਖੜ੍ਹਦਾ ਹੋਵੇ।

13) ਘੱਟੋ ਘੱਟ ਸੱਤ ਬਾਣੀਆਂ ਕੰਠ ਹੋਣ। ਨਿੱਤਨੇਮ ਦੂਹਰਾ ਹੋਵੇ। ਜੇ ਸਿੰਘ ਕਿਰਤੀ ਹੈ ਤਾਂ ਉਹ ਕੰਮ ਕਾਰ ਵੇਲੇ ਬਾਣੀ ਸੁਣ ਵੀ ਸਕਦਾ ਹੈ। ਜੇ ਸਿੰਘ ਗੁਰੂ ਘਰ ਸੇਵਾ ਕਰਦਾ ਹੋਵੇ ਤਾਂ ਤਾਬਿਆ ਦਾ ਸਮਾਂ ਬੰਦਗੀ ਦਾ ਸਮਾਂ ਮੰਨਿਆ ਜਾਂਦਾ ਹੈ। ਰੋਜ਼ਾਨਾ ਘੱਟੋ ਘੱਟ 2 ਤੋਂ 3 ਘੰਟੇ ਦਾ ਸੇਵਾ ਸਿਮਰਨ ਹੋਵੇ।

14) ਸਿੰਘ ਦਾ ਰੋਮ ਰੋਮ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਸਮਰਪਿਤ ਹੋਵੇ। ਪੰਥਕ ਮਰਿਯਾਦਾ ਬਾਰੇ ਜਾਣੂ ਹੋਵੇ, ਪਹਿਰਾ ਦਿੰਦਾ ਹੋਵੇ ਅਤੇ ਪੰਥਕ ਮਰਿਯਾਦਾ ਪ੍ਰਤੀ ਦ੍ਰਿੜਤਾ ਰੱਖਦਾ ਹੋਵੇ। ਬਾਟਾ ਤਿਆਰ ਕਰਨ ਦੀ, ਚੂਲੇ ਵਰਤਾਉਣ ਦੀ, ਨਾਮ ਦੇਣ ਦੀ ਮਰਿਯਾਦਾ ਟਕਸਾਲ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਲਗਭਗ ਇੱਕੋ ਜਿਹੀ ਹੀ ਹੈ।

15) ਜਿਸ ਸਿੰਘ ਨੇ ਅੰਮ੍ਰਿਤ ਸੰਚਾਰ ਸੇਵਾ ਵਿੱਚ ਸੇਵਾ ਨਿਭਾਉਣੀ ਹੈ, ਉਹ ਸਭ ਤੋਂ ਪਹਿਲਾਂ ਸਾਰੇ ਰਹਿਤਨਾਮੇ ਪੜ੍ਹੇ। ਪ੍ਰੋ. ਪਿਆਰਾ ਸਿੰਘ ਪਦਮ ਨੇ ਸਾਰੇ ਰਹਿਤਨਾਮੇ ਇੱਕੋ ਕਿਤਾਬ ਵਿੱਚ ਇਕੱਠੇ ਕੀਤੇ ਹੋਏ ਹਨ। ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਪਾਸੋਂ ਇਹ ਮਿਲ ਜਾਂਦੇ ਹਨ। ਸਿੱਖ ਰਹਿਤਨਾਮਿਆਂ ਤੋਂ ਬਿਨਾਂ ਦਮਦਮੀ ਟਕਸਾਲ ਦੀ ਰਹਿਤ ਮਰਿਯਾਦਾ, ਮਰਿਯਾਦਾ ਸ੍ਰੀ ਅਕਾਲ ਤਖਤ ਸਾਹਿਬ ਜੀ ਜ਼ਰੂਰ ਪੜ੍ਹੇ।

16) ਸ੍ਰ. ਰੂਪ ਸਿੰਘ ਜੀ ਨੇ ਇੱਕ ਕਿਤਾਬ ਲਿਖੀ ਹੈ, ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖਤ ਸਾਹਿਬ; ਇਸ ਕਿਤਾਬ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਮੇਂ ਸਮੇਂ ’ਤੇ ਜਾਰੀ ਹੋਏ ਹੁਕਮਨਾਮੇ ਹਨ, ਜਿਹਨਾਂ ਵਿੱਚ ਵੱਡੀਆਂ ਵੱਡੀਆਂ ਪੰਥਕ ਸਖਸ਼ੀਅਤਾਂ, ਤਖਤਾਂ ਦੇ ਜੱਥੇਦਾਰਾਂ ਤੱਕ ਨੂੰ ਵੀ ਤਨਖਾਹ ਲਗਵਾਈ ਹੋਈ ਹੈ। ਜਿਸ ਨੂੰ ਪੜ੍ਹਕੇ ਪਤਾ ਲਗਦਾ ਹੈ

ਕਿ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਲੱਗਣ ਵਾਲੇ ਸਿੰਘ ਦਾ ਜੀਵਨ ਪੱਧਰ ਸਦਾ ਉੱਚਾ ਰਹਿਣਾ ਚਾਹੀਦਾ ਹੈ।

17) ਸੇਵਾ ਵਿੱਚ ਲੱਗਣ ਵਾਲੇ ਸਿੰਘ ਇਹ ਉਪਰਲੀਆਂ ਕਿਤਾਬਾਂ ਜ਼ਰੂਰ ਪੜ੍ਹਣ, ਕਿਉਂਕਿ ਮਰਿਯਾਦਾ ਸਭ ਤੋਂ ਪਹਿਲਾਂ ਹੈ। ਜਿਸ ਸਿੰਘ ਜੀ ਨੇ ਸੇਵਾ ਵਿੱਚ ਲੱਗਣਾ ਹੈ, ਉਸਨੂੰ ਪੰਥਕ ਮਰਿਯਾਦਾ ਦਾ ਪੂਰਾ ਪੂਰਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਜੀ।

18) ਇਹ ਪੜ੍ਹਕੇ ਸਿੰਘ ਡਰੇ ਨਾ ਕਿ ਸੇਵਾ ਵਿੱਚ ਅਸੀਂ ਲੱਗ ਹੀ ਨਹੀਂ ਸਕਦੇ, ਜ਼ਰੂਰ ਲੱਗ ਸਕੋਂਗੇ। ਪਰ ਸੇਵਾ ਵਿੱਚ ਲੱਗਣ ਵਾਲੇ ਸਿੰਘਾਂ ਨੂੰ ਸਾਰੀ ਮਰਿਯਾਦਾ ਦਾ ਪਤਾ ਹੋਣਾ ਇਸ ਲਈ ਜ਼ਰੂਰੀ ਹੈ ਕਿ ਸੰਗਤ ਵਿੱਚੋਂ ਕੋਈ ਵੀ ਸਿੱਖ ਕਿਸੇ ਵੀ ਵੇਲੇ ਸਿੰਘ ਜੀ ਨੂੰ ਕੋਈ ਵੀ ਸੁਆਲ ਮਰਿਯਾਦਾ ਦੇ ਪੱਖੋਂ ਜੇਕਰ ਕਰਦਾ ਹੈ ਤਾਂ ਸਿੰਘ ਜੀ ਅੰਮ੍ਰਿਤ ਸੰਚਾਰ ਵੇਲੇ ਉਸ ਸਿੱਖ ਨੂੰ ਮਰਿਯਾਦਾ ਅਨੁਸਾਰ ਜੁਆਬ ਦੇ ਸਕਣ, ਨਾ ਕਿ ਆਪਣੇ ਕੋਲੋਂ। ਕਿਉਂਕਿ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਸਿੰਘਾਂ ਦੇ ਬੋਲੇ ਬੋਲਾਂ ਅਨੁਸਾਰ ਹੀ ਸੰਗਤ ਨੇ ਆਪਣੇ ਜੀਵਨ ਨੂੰ ਢਾਲਣਾ ਹੁੰਦਾ ਹੈ।

19) ਪੰਥ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਟਕਸਾਲ ਦੀ ਮਰਿਯਾਦਾ ਲਗਭਗ ਰਲਦੀ ਮਿਲਦੀ ਹੈ। ਜਿਸ ਸਿੰਘ ਨੇ ਜਿਸ ਵੀ ਜੱਥੇ ਵਿੱਚ ਸੇਵਾ ਨਿਭਾਉਣੀ ਹੈ, ਉਹ ਸਭ ਤੋਂ ਪਹਿਲਾਂ ਉਸ ਜੱਥੇ ਦੀ ਸਾਰੀ ਮਰਿਯਾਦਾ ਨੂੰ ਧਿਆਨ ਨਾਲ ਵਾਚ ਲਵੇ, ਵੇਖ ਲਵੇ ਕਿ ਜੱਥੇ ਅੰਦਰ ਅੰਮ੍ਰਿਤ ਸੰਚਾਰ ਦੀ ਸਾਰੀ ਸੇਵਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਪੰਥਕ ਰਹੁ-ਰੀਤਾਂ ਅਨੁਸਾਰ ਹੋ ਰਹੀ ਹੈ? ਜੇ ਸਿੰਘ ਨੂੰ ਲੱਗੇ ਕਿ ਪੰਥਕ ਰਹੁ-ਰੀਤਾਂ ਅਨੁਸਾਰ ਸੇਵਾ ਨਹੀਂ ਹੈ ਤਾਂ ਉਹ ਸੇਵਾ ਨਿਭਾ ਰਹੇ ਸਿੰਘਾਂ ਨੂੰ ਚੰਗਾ ਮਾੜਾ ਕਹਿਣ ਨਾਲੋਂ ਆਪ ਪਾਸਾ ਵੱਟਕੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰੇ, ਸਤਿਗੁਰੂ ਆਪ ਓਸ ਸਿੰਘ ਦੀ ਬਾਂਹ ਫੜਣਗੇ।

20) ਸੇਵਾ ਵਿੱਚ ਲੱਗਣ ਵਾਲੇ ਸਿੰਘ ਅੰਦਰ ਕ੍ਰੋਧ, ਖਿਝ, ਆਕੜ, ਹਾਓਮੈ ਅਤੇ ਨਿੰਦਿਆ ਚੁਗਲੀ ਦੀ ਭਾਵਨਾ ਵਾਲਾ ਇੱਕ ਕਿਣਕਾ ਵੀ ਨਹੀਂ ਹੋਣਾ ਚਾਹੀਦਾ। ਦਸਵੰਧ ਦੇ ਕੇ

ਭੁੱਲਣਾ ਹੈ, ਕਿਸੇ ਨੂੰ ਮੁੜਕੇ ਸੁਣਾਉਣਾ ਨਹੀਂ। ਦਸਵੰਧ ਰਾਹੀਂ ਕੋਈ ਵੀ ਵਸਤੂ, ਪਦਾਰਥ ਜਾਂ ਸਮਾਨ ਸੇਵਾ ਵਿੱਚ ਦੇ ਕੇ, ਦੁਬਾਰਾ ਉਸ ਉਪਰ ਆਪਣਾ ਹੱਕ ਨਹੀਂ ਜਿਤਾਉਣਾ।

21) ਸੇਵਾ ਵਿੱਚ ਲੱਗਣ ਵਾਲਾ ਸਿੰਘ ਭਜਨੀਕ-ਗੁਰਸਿੱਖਾਂ ਪ੍ਰਤੀ ਹਿਰਦੇ ਅੰਦਰ ਪ੍ਰੇਮ ਸਤਿਕਾਰ ਰੱਖਦਾ ਹੋਵੇ।

22) ਅੰਮ੍ਰਿਤ ਦੀ ਇੱਕ ਇੱਕ ਬੂੰਦ ਅੰਮ੍ਰਿਤ ਅਭਿਲਾਖੀਆਂ ਵਾਸਤੇ ਤਿਆਰ ਹੁੰਦੀ ਹੈ। ਬਾਟੇ ਦੀ ਸਾਂਝ ਤੋਂ ਬਾਅਦ ਬਚਿਆ ਅੰਮ੍ਰਿਤ ਸੰਗਤ ਨੂੰ ਹੀ ਛਕਾਇਆ ਜਾਵੇ। ਪੰਥਕ ਮਰਿਯਾਦਾ ਅਨੁਸਾਰ ਸੰਗਤ ਨੂੰ ਚੂਲੇ ਵਰਤਾਉਣ ਅਤੇ ਬਾਟੇ ਦੀ ਸਾਂਝ ਤੋਂ ਬਾਅਦ ਜਿਹੜੇ ਪੰਜ ਪਿਆਰੇ ਸਾਹਿਬਾਨਾਂ ਨੇ ਬਾਟਾ ਤਿਆਰ ਕੀਤਾ, ਉਹਨਾਂ ਵਿੱਚੋਂ ਕੋਈ ਵੀ ਸਿੰਘ ਜਾਂ ਤਾਬਿਆ ਵਾਲਾ ਸਿੰਘ ਜਾਂ ਪਹਿਰੇ ਵਾਲਾ ਸਿੰਘ ਅਤੇ ਜਾਂ ਅੰਦਰਲਾ ਕੋਈ ਵੀ ਸੇਵਾਦਾਰ ਨਾ ਤਾਂ ਬਾਟੇ ਦੀ ਸਾਂਝ ਕਰ ਸਕਦੇ ਨੇ ਅਤੇ ਨਾ ਹੀ ਚੂਲੇ ਲੈ ਸਕਦੇ ਆ। ਸੇਵਾ ਵਿੱਚ ਜੇ ਕੋਈ ਚੂਲੇ ਦੀ ਭਾਵਨਾ ਰੱਖਕੇ ਆਉਂਦਾ ਹੈ ਤਾਂ ਇਸ ਦਾ ਸਿੱਧਾ ਭਾਵ ਉਸ ਕੋਲੋਂ ਕੋਈ-ਨ-ਕੋਈ ਸੂਖਮ ਭੁੱਲ ਜ਼ਰੂਰ ਹੋਈ ਹੈ।

23) ਜਿਹੜਾ ਵੀ ਸਿੰਘ ਚੂਲਾ ਲੈਣ ਦੀ ਜਾਂ ਬਾਟਾ ਛਕਣ ਵਾਲੀ ਭਾਵਨਾ ਲੈ ਕੇ ਸੇਵਾ ਵਿੱਚ ਆਉਂਦਾ ਹੈ, ਉਹ ਸਿੰਘ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਲੱਗਣ ਤੋਂ ਸੰਕੋਚ ਕਰੇ। ਕਿਉਂਕਿ ਸੇਵਾ ਵਾਲੇ ਸਿੰਘ ਅੰਮ੍ਰਿਤ ਛਕਾਉਣ ਜਾਂਦੇ ਹਨ, ਨਾ ਕਿ ਆਪ ਛਕਣ। ਇਸ ਤੋਂ ਭਾਵ ਇਹ ਨਾ ਲਿਆ ਜਾਵੇ ਕਿ ਅੰਮ੍ਰਿਤ ਚੂਲਾ ਮਿਲ ਹੀ ਨਹੀਂ ਸਕਦਾ; ਜ਼ਰੂਰ ਮਿਲ ਸਕਦਾ ਹੈ, ਚੂਲਾ ਦੇਣ ਦਾ ਫੈਸਲਾ ਤਾਂ ਪੰਜ ਪਿਆਰੇ ਸਾਹਿਬਾਨ ਸੰਗਤ ਦੀ ਭੁੱਲ ਚੁੱਕ ਵੇਖ ਕੇ ਹੀ ਲੈਂਦੇ ਨੇ। ਜਿਹੜੇ ਵੀ ਸਿੰਘ ਜੀ ਨੇ ਚੂਲਾ ਲੈਣਾ ਹੈ ਤਾਂ ਉਹ ਸੰਗਤ ਵਿੱਚ ਬਾਕੀ ਅੰਮ੍ਰਿਤ ਅਭਿਲਾਖੀਆਂ ਵਾਂਗ ਆ ਕੇ ਪੰਜ ਪਿਆਰੇ ਸਾਹਿਬਾਨਾਂ ਦੇ ਆ ਕੇ ਪੇਸ਼ ਹੋਣ, ਆਪਣੀ ਸਾਰੀ ਗੱਲਬਾਤ ਦੱਸਣ, ਫਿਰ ਪੰਜੇ ਪਿਆਰੇ ਫੈਸਲਾ ਲੈਣਗੇ ਕਿ ਉਹ ਚੂਲੇ ਦਾ ਅਧਿਕਾਰੀ ਹੈ ਵੀ ਕਿ ਨਹੀਂ। ਕਿਉਂਕਿ ਆਮ ਸੰਗਤ ਇਹ ਜਾਣਦੀ ਹੈ ਕਿ ਅੰਮ੍ਰਿਤ ਦਾ ਚੂਲਾ ਦੂਜੀ ਵਾਰ ਉਦੋਂ ਹੀ ਲਿਆ ਜਾਂਦਾ ਹੈ, ਜਦ ਕੋਈ ਕੋਈ ਭੁੱਲ ਚੁੱਕ ਹੋਈ ਹੋਵੇ।

ਪੰਥਕ ਰਵਾਇਤਾਂ ਅਨੁਸਾਰ, ਪੰਥਕ ਮਰਿਯਾਦਾ ਅਨੁਸਾਰ, ਸਾਰੇ ਤਖਤਾਂ ਦੀ ਮਰਿਯਾਦਾ ਅਨੁਸਾਰ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਲੱਗਣ ਵਾਲੇ ਸਿੰਘ/ਸੇਵਾਦਾਰ ਬਿਨਾਂ ਕਿਸੇ ਕਾਰਨ ਦੇ, ਬਿਨਾਂ ਪੰਜਾਂ ਪਿਆਰਿਆਂ ਦੇ ਪੇਸ਼ ਹੋਏ, ਬਿਨਾਂ ਕੋਈ ਤਨਖਾਹ/ਸੇਵਾ ਲਗਵਾਏ ਬਿਨਾਂ ਨਾ ਤਾਂ ਅੰਮ੍ਰਿਤ ਦਾ ਚੂਲਾ ਲੈ ਸਕਦੇ ਨੇ ਅਤੇ ਨਾ ਹੀ ਬਾਟਾ ਛਕ ਸਕਦੇ ਨੇ।

24) ਸੇਵਾ ਤੋਂ ਬਾਅਦ ਬਾਟਿਆਂ ਵਿੱਚ ਬਚੇ ਅੰਮ੍ਰਿਤ ਦੀ ਇੱਕ-ਇੱਕ ਬੂੰਦ ਵੀ ਸੰਗਤ ਨੂੰ ਹੀ ਛਕਾਈ ਜਾਵੇ, ਕੋਈ ਵੀ ਸਿੰਘ ਜਾਂ ਸੇਵਾਦਾਰ ਬਾਟਿਆਂ ਵਿੱਚੋਂ ਬਚੇ ਅੰਮ੍ਰਿਤ ਦੀਆਂ ਬੂੰਦਾਂ ਇਕੱਠੀਆਂ ਕਰਕੇ ਨਾ ਤਾਂ ਖੁਦ ਬਾਟਾ ਆਪਣੇ ਮੂੰਹ ਨੂੰ ਨਹੀਂ ਲਗਾ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਸਿੰਘ ਜਾਂ ਸੇਵਾਦਾਰ ਨੂੰ ਦੇ ਸਕਦਾ ਹੈ।

25) ਅੰਮ੍ਰਿਤ ਤਿਆਰ ਹੋਣ ਦੀ ਅਰਦਾਸ ਵੀ ਅਭਿਲਾਖੀਆਂ ਵਾਸਤੇ ਹੀ ਹੁੰਦੀ ਹੈ। ਚੂਲਾ ਲੈਣ/ਦੇਣ ਦੀ ਕੋਈ ਮਰਿਯਾਦਾ ਨਹੀਂ ਹੈ। ਨਿੱਕੀ ਨਿੱਕੀ ਗੱਲ 'ਤੇ ਅੰਮ੍ਰਿਤ ਚੂਲਾ ਲੈਣ ਵਾਲਾ ਅਤੇ ਦੇਣ ਵਾਲਾ ਦੋਵੇਂ ਅੰਮ੍ਰਿਤ ਦੀ ਬੇਅਦਬੀ ਤੋਂ ਬਚਣ ਜੀ। ਚੂਲਾ ਲੈਣ ਤੋਂ ਸਿੱਧਾ ਭਾਵ ਅਸੀਂ ਗੁਰੂ ਕੀ ਨਜ਼ਰ 'ਚ ਕੁਤਾਈਏ ਹਾਂ, ਦੋਸ਼ੀ ਹਾਂ।

26) ਚਾਰੇ ਬੱਜਰ ਕੁਰਹਿਤਾਂ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਪੇਸ਼ ਹੋ ਕੇ ਬਖਸ਼ਾਈਆਂ ਜਾ ਸਕਦੀਆਂ ਨੇ, ਪਰ ਜੇ ਸਿੱਖ ਕੋਲੋਂ ਬਾਣੀ ਦੀ, ਬਾਣੇ, ਦੀ ਸੰਗਤ ਦੀ ਜਾਂ ਕੋਈ ਹੋਰ ਪੰਥਕ ਭੁੱਲ ਚੁੱਕ ਹੋਈ ਹੋਵੇ ਤਾਂ ਉਸ ਭੁੱਲ ਚੁੱਕ ਬਖਸ਼ਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਜਾਂ ਨੇੜਲੇ ਕਿਸੇ ਵੀ ਤਖਤ ਸਾਹਿਬ ਹੀ ਪਹੁੰਚਿਆ ਜਾਵੇ। ਭੁੱਲ ਬਖਸ਼ਾਉਣ ਆਈ ਸੰਗਤ ਨਾਲ ਪ੍ਰੇਮ ਸਹਿਤ ਪੇਸ਼ ਆਉਣਾ।

27) ਬਾਣੇ ਦਾ ਸਤਿਕਾਰ ਜਾਨੋਂ ਵਧਕੇ ਕਰਨਾ ਹੈ। ਸਤਿਕਾਰ ਨਾਲ ਬਾਣਾ ਲੈਣਾ, ਪਹਿਨਣਾ ਅਤੇ ਸਤਿਕਾਰ ਨਾਲ ਹੀ ਸ਼ੁਕਰਾਨਾ ਕਰਦਿਆਂ ਉਤਾਰਨਾ ਹੈ। ਬਾਣੇ ਪਹਿਨਦੇ, ਉਤਾਰਦੇ ਸਮੇਂ ਕਾਹਲ ਅਤੇ ਅਣਗਹਿਲੀ ਬਿਲਕੁੱਲ ਵੀ ਹੋਣੀ ਚਾਹੀਦੀ ਹੈ। ਇਸ ਬਾਣੇ ਨੂੰ ਬਾਣਾ ਹੀ ਨਹੀਂ ਗੁਰੂ-ਜਾਮਾ ਸਮਝਿਆ ਜਾਵੇ।